# CALIFORNIA ਦਾ ਕਨੂੰਨ ਤੁਹਾਨੂੰ ਨਫ਼ਰਤ ਦੀ ਹਿੰਸਾ ਤੋਂ ਬਚਾਉਂਦਾ ਹੈ

## ਤੱਥ ਸ਼ੀਟ

CIVIL RIGHTS DEPARTMENT · STATE OF CALIFORNIA
Civil Rights Department
STATE OF CALIFORNIA

California ਦਾ ਕਨੂੰਨ ਨਸਲ, ਜਾਤ, ਜਿਨਸੀ ਝੁਕਾਅ, ਲਿੰਗ ਪਛਾਣ ਜਾਂ ਧਰਮ ਵਰਗੀਆਂ ਵਿਅਕਤੀਗਤ ਵਿਸ਼ੇਸ਼ਤਾਵਾਂ ਦੇ ਅਧਾਰ 'ਤੇ ਕਿਸੇ ਵਿਅਕਤੀ ਜਾਂ ਉਸਦੀ ਸੰਪੱਤੀ ਦੇ ਖ਼ਿਲਾਫ਼ ਹਿੰਸਾ ਜਾਂ ਹਿੰਸਾ ਦੀਆਂ ਧਮਕੀਆਂ ਨੂੰ ਰੋਕਦਾ ਹੈ। California ਨਾਗਰਿਕ ਅਧਿਕਾਰ ਵਿਭਾਗ (California Civil Rights Department, CRD) ਇਸ ਤਰ੍ਹਾਂ ਦੀ "ਨਫ਼ਰਤ ਦੀ ਹਿੰਸਾ" ਨੂੰ ਰੋਕਣ ਵਾਲੇ ਇੱਕ ਨਾਗਰਿਕ ਕਨੂੰਨ – ਰਾਲਫ਼ ਨਾਗਰਿਕ ਅਧਿਕਾਰ ਅਧਿਨਿਯਮ (ਨਾਗਰਿਕ ਸੰਹਿਤਾ ਧਾਰਾ 51.7) ਨੂੰ ਲਾਗੂ ਕਰਦਾ ਹੈ। ਜੇਕਰ ਤੁਸੀਂ ਨਫ਼ਰਤ ਦੀ ਹਿੰਸਾ ਦੇ ਸ਼ਿਕਾਰ ਹੋਏ ਹੋ, ਤਾਂ ਤੁਸੀਂ ਉਸ ਵਿਅਕਤੀ ਦੇ ਖ਼ਿਲਾਫ਼ CRD ਨੂੰ ਸ਼ਿਕਾਇਤ ਦਰਜ ਕਰਵਾ ਸਕਦੇ ਹੋ ਜਿਸ ਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੈ।

## ਰਾਲਫ਼ ਅਧਿਨਿਯਮ ਦੇ ਤਹਿਤ ਕਿਹੜੀਆਂ ਵਿਅਕਤੀਗਤ ਵਿਸ਼ੇਸ਼ਤਾਵਾਂ ਦੀ ਸੁਰੱਖਿਆ ਕੀਤੀ ਜਾਂਦੀ ਹੈ?

*ਕਿਸੇ ਵਿਅਕਤੀ ਦਾ ਵਾਸਤਵਿਕ ਜਾਂ ਪਛਾਣਿਆ:*

- ਲਿੰਗ (ਜਿਸ ਵਿੱਚ ਗਰਭਾਵਸਥਾ, ਬੱਚੇ ਦਾ ਜਨਮ ਅਤੇ ਸੰਬੰਧਿਤ ਮੈਡੀਕਲ ਸਥਿਤੀਆਂ ਸ਼ਾਮਲ ਹਨ)
- ਲਿੰਗ ਪਛਾਣ ਅਤੇ ਲਿੰਗ ਅਭਿਵਿਅਕਤੀ
- ਜਾਤੀ
- ਰੰਗ
- ਧਰਮ
- ਪੁਰਖੇ
- ਰਾਸ਼ਟਰੀ ਮੂਲ
- ਵਿਕਲਾਂਗਤਾ
- ਮੈਡੀਕਲ ਸਥਿਤੀ
- ਅਨੁਵੰਸ਼ਕ ਜਾਣਕਾਰੀ
- ਵਿਆਹੁਤਾ ਸਥਿਤੀ
- ਜਿਨਸੀ ਰੁਝਾਨ
- ਨਾਗਰਿਕਤਾ
- ਮੁੱਖ ਭਾਸ਼ਾ
- ਇਮੀਗ੍ਰੇਸ਼ਨ ਸਥਿਤੀ
- ਰਾਜਨੀਤਕ ਮਾਨਤਾ
- ਮਜ਼ਦੂਰ ਵਿਵਾਦ ਵਿੱਚ ਸਥਿਤੀ

ਇਹ ਸੂਚੀਬੱਧ ਵਿਸ਼ੇਸ਼ਤਾਵਾਂ ਸੁਰੱਖਿਅਤ ਕੀਤੀਆਂ ਜਾਣ ਵਾਲੀਆਂ ਵਿਸ਼ੇਸ਼ਤਾਵਾਂ ਦੇ ਉਦਾਹਰਣ ਹਨ; ਇਸ ਤੋਂ ਇਲਾਵਾ ਕਨੂੰਨ ਹੋਰ ਵਿਸ਼ੇਸ਼ਤਾਵਾਂ ਦੇ ਅਧਾਰ 'ਤੇ ਕੀਤੇ ਜਾਣ ਵਾਲੇ ਭੇਦਭਾਵ ਦੇ ਖ਼ਿਲਾਫ਼ ਵੀ ਲੋਕਾਂ ਦੀ ਸੁਰੱਖਿਆ ਕਰਦਾ ਹੈ।

## ਰਾਲਫ਼ ਅਧਿਨਿਯਮ ਦੇ ਤਹਿਤ ਕਿਸ ਚੀਜ਼ ਦੀ ਪਾਬੰਦੀ ਹੈ?

ਨਫ਼ਰਤ ਦੀ ਹਿੰਸਾ ਲਈ ਕਾਰਜਸਥਾਨ, ਘਰ, ਪੂਜਾ-ਅਰਚਨਾ ਦੀ ਥਾਂ ਜਾਂ ਗਲੀ ਸਮੇਤ ਹਰ ਜਗ੍ਹਾ ਮਨਾਹੀ ਹੈ। ਰਾਲਫ਼ ਅਧਿਨਿਯਮ ਦੇ ਤਹਿਤ, California ਨਾਗਰਿਕ ਕਨੂੰਨ ਨਫ਼ਰਤ ਦੀ ਹਿੰਸਾ ਅਤੇ ਹਿੰਸਾ ਦੀਆਂ ਧਮਕੀਆਂ ਨਾਲ ਡਰਾਉਣ 'ਤੇ ਰੋਕ ਲਗਾਉਂਦਾ ਹੈ। ਨਫ਼ਰਤ ਦੀ ਹਿੰਸਾ ਕਿਸੇ ਵਿਅਕਤੀ ਦੀ ਵਾਸਤਵਿਕ ਜਾਂ ਪਛਾਣੀ ਗਈ ਸੁਰੱਖਿਅਤ ਵਿਸ਼ੇਸ਼ਤਾ ਦੇ ਅਧਾਰ 'ਤੇ ਪੱਖਪਾਤ ਕਰਕੇ ਕੋਈ ਵੀ ਹਿੰਸਕ ਗਤੀਵਿਧੀ ਹੈ - ਜਿਸਦਾ ਅਰਥ ਹੈ ਕਿ ਕੋਈ ਤੁਹਾਡੇ ਬਾਰੇ ਕੀ ਜਾਣਦਾ ਹੈ ਜਾਂ ਸੋਚਦਾ ਹੈ ਕਿ ਉਹ ਤੁਹਾਡੇ ਬਾਰੇ ਜਾਣਦੇ ਹਨ, ਉਹ ਅਧਿਨਿਯਮ ਦੇ ਤਹਿਤ ਸੁਰੱਖਿਅਤ ਹੈ। ਇਸ ਵਿੱਚ ਆਮ ਤੌਰ 'ਤੇ ਕਿਸੇ ਵਿਅਕਤੀ ਜਾਂ ਉਸਦੀ ਸੰਪੱਤੀ ਨਾਲ ਸਰੀਰਕ ਸੰਪਰਕ ਜਾਂ ਸਰੀਰਕ ਸੰਪਰਕ ਦੀ ਧਮਕੀ ਦੀ ਲੋੜ ਹੁੰਦੀ ਹੈ। ਕਿਸੇ ਵੀ ਵਿਅਕਤੀ ਨੂੰ ਅਧਿਨਿਯਮ ਦੀਆਂ ਸੁਰੱਖਿਆਵਾਂ ਨੂੰ ਮਾਫ਼ ਕਰਨ - ਜਾਂ ਛੱਡਣ ਦੀ ਲੋੜ ਨਹੀਂ ਹੋ ਸਕਦੀ। ਉਦਾਹਰਣ ਲਈ, ਕਿਸੇ ਵੀ ਵਿਅਕਤੀ ਨੂੰ ਵਸਤੂਆਂ ਜਾਂ ਸੇਵਾਵਾਂ ਪ੍ਰਾਪਤ ਕਰਨ ਤੋਂ ਪਹਿਲਾਂ ਅਧਿਨਿਯਮ ਦੇ ਤਹਿਤ ਸੁਰੱਖਿਆਵਾਂ ਨੂੰ ਛੱਡਣ ਦੀ ਲੋੜ ਨਹੀਂ ਹੁੰਦੀ।

*ਉਦਾਹਰਣ ਲਈ, ਰਾਲਫ਼ ਅਧਿਨਿਯਮ ਇਸ ਨੂੰ ਗੈਰ-ਕਨੂੰਨੀ ਮੰਨਦਾ ਹੈ:*

- ਹਿੰਸਾ ਦੀ ਧਮਕੀ ਦੇਣ ਦੁਆਰਾ ਧਾਰਮਿਕ ਗਤੀਵਿਧੀਆਂ ਨੂੰ ਹਤੋਤਸਾਹਿਤ – ਜਾਂ ਰੋਕਣ – ਦੀ ਕੋਸ਼ਿਸ਼ ਕਰਨਾ;
- ਕਿਸੇ ਵਿਅਕਤੀ ਦੀ ਵਾਸਤਵਿਕ ਜਾਂ ਪਛਾਣੀ ਗਈ ਨਸਲ, ਰੰਗ ਜਾਂ ਰਾਸ਼ਟਰੀ ਮੂਲ ਕਰਕੇ ਉਸ ਵਿਅਕਤੀ ਦੀ ਸੰਪੱਤੀ ਨੂੰ ਨੁਕਸਾਨ ਪਹੁੰਚਾਉਣਾ;
- ਬਿਲਡਿੰਗ ਦੀ ਵਰਤੋਂ ਕਰਨ ਵਾਲੇ ਮਾਲਕ ਲੋਕਾਂ ਦੇ ਵਾਸਤਵਿਕ ਜਾਂ ਪਛਾਣੇ ਗਏ ਜਿਨਸੀ ਝੁਕਾਅ ਕਰਕੇ ਉਨ੍ਹਾਂ ਦੀ ਬਿਲਡਿੰਗ ਨੂੰ ਨੁਕਸਾਨ ਪਹੁੰਚਾਉਣਾ ਜਾਂ ਉਸ ਉੱਤੇ ਚਿੱਤਰ ਬਣਾਉਣਾ;
- ਕਿਸੇ ਵਿਅਕਤੀ ਦੇ ਵਾਸਤਵਿਕ ਜਾਂ ਪਛਾਣੇ ਗਏ ਲਿੰਗ ਜਾਂ ਲਿੰਗ ਪਛਾਣ ਕਰਕੇ ਉਸ ਵਿਅਕਤੀ ਨੂੰ ਧਮਕੀ ਦੇਣ ਜਾਂ ਨੁਕਸਾਨ ਪਹੁੰਚਾਉਣ ਲਈ ਹਥਿਆਰ ਘੁਮਾਉਣਾ (ਦਿਖਾਉਣਾ) ਜਾ ਉਸਦੀ ਵਰਤੋਂ ਕਰਨਾ
- ਕਿਸੇ ਵਿਅਕਤੀ ਦੀ ਵਾਸਤਵਿਕ ਜਾਂ ਪਛਾਣੀ ਗਈ ਵਿਕਲਾਂਗਤਾ ਕਰਕੇ ਉਸ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕਰਨਾ; ਜਾਂ
- ਕਿਸੇ ਵਿਅਕਤੀ ਦੇ ਖ਼ਿਲਾਫ਼ ਉਸਦੀ ਵਾਸਤਵਿਕ ਜਾਂ ਪਛਾਣੀ ਗਈ ਸੁਰੱਖਿਅਤ ਵਿਸ਼ੇਸ਼ਤਾ ਕਰਕੇ ਰਾਜਨੀਤਕ ਮਾਨਤਾ ਜਾਂ ਵੰਸ਼ ਸਮੇਤ ਹਿੰਸਾ ਨੂੰ ਭੜਕਾਉਣਾ ਤਾਂ ਕਿ ਉਸ ਨੂੰ ਗ਼ੈਰ-ਕਨੂੰਨੀ ਕੰਮ ਲਈ ਉਕਸਾਇਆ ਜਾ ਸਕੇ - ਜਿਸਦਾ ਅਰਥ ਹੈ ਕਿ ਕਿਸੇ ਨੂੰ ਕਨੂੰਨ ਨੂੰ ਤੋੜਨ ਵਾਲਾ ਕੰਮ ਕਰਨ ਲਈ ਉਕਸਾਉਣਾ।

# ਕੈਲੀਫੋਰਨੀਆ ਦਾ ਕਨੂੰਨ ਤੁਹਾਨੂੰ ਨਫ਼ਰਤ ਦੀ ਹਿੰਸਾ ਤੋਂ ਬਚਾਉਂਦਾ ਹੈ

## ਤੱਥ ਸ਼ੀਟ

Civil Rights Department
STATE OF CALIFORNIA

## ਉਪਲਬਧ ਉਪਚਾਰ

ਰਾਲਫ਼ ਅਧਿਨਿਯਮ ਉਨ੍ਹਾਂ ਵਿਅਕਤੀਆਂ ਵਾਸਤੇ ਸਿਵਿਲ ਉਪਚਾਰ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਉਨ੍ਹਾਂ ਦੀ ਵਾਸਤਵਿਕ ਜਾਂ ਪਛਾਣੀ ਗਈ ਸੁਰੱਖਿਅਤ ਵਿਸ਼ੇਸ਼ਤਾ ਕਰਕੇ ਹਿੰਸਾ ਦੇ ਕੰਮ ਜਾਂ ਹਿੰਸਾ ਦੀ ਧਮਕੀਆਂ ਦਾ ਸ਼ਿਕਾਰ ਬਣਾਇਆ ਗਿਆ ਹੈ। ਜੇਕਰ ਅਦਾਲਤ ਨਫ਼ਰਤ ਦਾ ਸ਼ਿਕਾਰ ਬਣਾਏ ਕਿਸੇ ਵਿਅਕਤੀ ਦੇ ਪੱਖ ਵਿੱਚ ਨਿਰਨਾ ਕਰਦੀ ਹੈ ਤਾਂ ਉਪਲਬਧ ਉਪਚਾਰਾਂ ਵਿੱਚ ਸ਼ਾਮਲ ਹਨ:

- **ਬੰਦਸ਼ ਲਾਉਣਾ ਦੇ ਆਦੇਸ਼:** ਬੰਦਸ਼ ਲਾਉਣਾ ਦੇ ਆਦੇਸ਼ ਅਦਾਲਤ ਦੇ ਆਦੇਸ਼ ਹਨ ਜੋ ਕਿਸੇ ਵਿਅਕਤੀ ਨੂੰ ਸਰੀਰਕ ਜਾਂ ਜਿਨਸੀ ਸ਼ੋਸ਼ਣ, ਧਮਕੀ ਦੇਣ, ਸਟਾਕ ਹੋਣ ਜਾਂ ਪੀੜ੍ਹਿਤ ਹੋਣ ਤੋਂ ਬਚਾ ਸਕਦੇ ਹਨ। ਬੰਦਸ਼ ਲਾਉਣਾ ਦੇ ਆਦੇਸ਼ਾਂ ਦੇ ਉਦਾਹਰਣ ਵਿੱਚ ਵਿਅਕਤੀ ਨੂੰ ਕਿਸੇ ਦੂਜੇ ਵਿਅਕਤੀ ਦੇ ਖ਼ਿਲਾਫ਼ ਖ਼ਾਸ ਕਾਰਵਾਈ ਕਰਨ ਤੋਂ ਰੋਕਣਾ ਜਾਂ ਵਿਅਕਤੀ ਨੂੰ ਦੂਜਿਆਂ ਤੋਂ ਨਿਸ਼ਚਿਤ ਦੂਰੀ ਬਣਾ ਕੇ ਰੱਖਣ ਦੀ ਲੋੜ ਸ਼ਾਮਲ ਹੁੰਦੀ ਹੈ। ਕਈ ਵਾਰ ਬੰਦਸ਼ ਲਾਉਣਾ ਦੇ ਆਦੇਸ਼ ਵਿਅਕਤੀ ਦੇ ਨਾਲ-ਨਾਲ ਪਰਿਵਾਰ ਜਾਂ ਘਰ ਦੇ ਮੈਂਬਰਾਂ ਨੂੰ ਬਚਾ ਲੈਂਦੇ ਹਨ। ਅਦਾਲਤ ਤੋਂ ਬੰਦਸ਼ ਲਾਉਣਾ ਦੇ ਆਦੇਸ਼ ਲੈਣ ਤੋਂ ਬਾਅਦ, ਉਸ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨਾ ਲਗ ਜਾਂ ਜੇਲ੍ਹ ਹੋ ਸਕਦੀ ਹੈ;
- **ਅਸਲ ਨੁਕਸਾਨ:** ਤੁਹਾਨੂੰ ਹੋਣ ਵਾਲੇ ਨੁਕਸਾਨਾਂ ਜਿਵੇਂ ਕਿ ਮੈਡੀਕਲ ਇਲਾਜ, ਤਨਖ਼ਾਹ ਕਟੌਤੀਆਂ, ਸੰਪੱਤੀ ਦੀ ਮੁਰੰਮਤ ਜਾਂ ਭਾਵਨਾਤਮਕ ਪੀੜਾ ਜਾਂ ਤਣਾਅ ਕਰਕੇ ਕੀਤੇ ਗਏ ਭੁਗਤਾਨ ਦੀ ਭਰਪਾਈ ਲਈ ਪੈਸਾ;
- **ਸਜਾਤਮਕ ਨੁਕਸਾਨ:** ਕਨੂੰਨ ਨੂੰ ਤੋੜਨ ਵਾਲੇ ਲੋਕਾਂ ਨੂੰ ਸਜ਼ਾ ਦੇਣ ਲਈ ਅਦਾਲਤ ਦੁਆਰਾ ਵਾਧੂ ਪੈਸੇ ਦੇ ਹਰਜਾਨਿਆਂ ਦਾ ਆਦੇਸ਼;
- **ਸਿਵਲ ਜੁਰਮਾਨੇ:** ਨਫ਼ਰਤ ਦਾ ਅਨੁਭਵ ਕਰਨ ਵਾਲੇ ਕਿਸੇ ਵੀ ਵਿਅਕਤੀ ਦੁਆਰਾ ਕੀਤੀ ਗਈ ਕਨੂੰਨੀ ਕਾਰਵਾਈ ਵਿੱਚ - ਜਾਂ ਅਟਾਰਨੀ ਜਨਰਲ, ਜ਼ਿਲ੍ਹਾ ਅਟਾਰਨੀ, ਜਾਂ ਸ਼ਹਿਰੀ ਅਟਾਰਨੀ ਦੁਆਰਾ, ਅਦਾਲਤ $25,000 ਦਾ ਜੁਰਮਾਨਾ ਭਰਨ ਦਾ ਆਦੇਸ਼ ਦੇ ਸਕਦੀ ਹੈ ਜੋ ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ ਦੇ ਪੱਖ ਵਿੱਚ ਜਾਵੇਗਾ; ਅਤੇ/ਜਾਂ
- **ਅਟਾਰਨੀ ਦੀ ਫੀਸ:** ਅਦਾਲਤ ਮੁਕੱਦਮੇ ਦੇ ਨਤੀਜੇ ਵਜੋਂ ਅਟਾਰਨੀ ਦੀ ਫੀਸ ਦੇ ਭੁਗਤਾਨ ਦਾ ਆਦੇਸ਼ ਦੇ ਸਕਦੀ ਹੈ - ਨਫ਼ਰਤ ਦਾ ਸ਼ਿਕਾਰ ਵਿਅਕਤੀ ਕਦੇ ਵੀ ਹਿੰਸਕ ਕਾਰਵਾਈ ਕਰਨ ਵਾਲੇ ਵਿਅਕਤੀ ਦੇ ਵਕੀਲ ਦੀ ਫੀਸ ਭਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

## ਮੈਂ ਕੀ ਕਰ ਸਕਦਾ/ਸਕਦੀ ਹਾਂ ਜੇਕਰ ਕੋਈ ਮੇਰੇ ਖਿਲਾਫ਼ ਨਫ਼ਰਤ ਦੀ ਹਿੰਸਾ ਵਾਲਾ ਕੰਮ ਕਰਦਾ ਹੈ?

1. ਪਹਿਲਾਂ ਉਸ ਜਗ੍ਹਾ 'ਤੇ ਜਾਓ ਜਿੱਥੇ ਤੁਸੀਂ ਸੁਰੱਖਿਅਤ ਮਹਿਸੂਸ ਕਰਦੇ ਹੋ। ਲੋੜ ਪੈਣ 'ਤੇ ਮੈਡੀਕਲ ਸਹਾਇਤਾ ਪ੍ਰਾਪਤ ਕਰੋ।
2. California vs. Hate Resource Line and Network (CA vs. Hate) ਨੂੰ 1-833-8-NO-HATE (1-833-866-4283) 'ਤੇ ਸੰਪਰਕ ਕਰੋ ਜਾਂ ਸੱਭਿਅਕ ਤੌਰ 'ਤੇ ਸਮਰੱਥ ਸੰਸਾਧਨਾਂ ਅਤੇ ਸਮਰਥਨ ਤੱਕ ਪਹੁੰਚ ਪ੍ਰਾਪਤ ਕਰਨ ਲਈ https://stophate.calcivilrights.ca.gov/s/ 'ਤੇ ਔਨਲਾਈਨ ਰਿਪੋਰਟ ਕਰੋ। CA vs. Hate ਕਨੂੰਨ ਲਾਗੂ ਕਰਨ ਵਾਲੀ ਰਿਪੋਰਟਿੰਗ ਲਾਈਨ ਨਹੀਂ ਹੈ; ਕਾਲ ਕਰਨ ਵਾਲੇ ਲੋਕ ਅਗਲੇ ਕਦਮਾਂ ਲਈ ਆਪਣੇ ਵੱਖ-ਵੱਖ ਵਿਕਲਪਾਂ ਬਾਰੇ ਜਾਣ ਸਕਦੇ ਹਨ। ਇਸ ਵਿੱਚ ਸੱਭਿਆਚਾਰਕ ਤੌਰ 'ਤੇ ਸਮਰੱਥ ਭਾਈਚਾਰਾ-ਅਧਾਰਿਤ ਸੰਗਠਨਾਂ ਦੁਆਰਾ ਪੇਸ਼ ਕੀਤੇ ਜਾਣ ਵਾਲੇ ਸੰਸਾਧਨਾਂ ਨਾਲ ਜੁੜਨਾ ਸ਼ਾਮਲ ਹੋ ਸਕਦਾ ਹੈ ਜਿਸ ਵਿੱਚ ਮਾਨਸਿਕ ਸਿਹਤ ਜਾਂ ਹੋਰ ਸਮਾਜਿਕ ਸੇਵਾਵਾਂ ਦਾ ਸਮਰਥਨ ਸ਼ਾਮਲ ਹੈ। ਵਿਅਕਤੀ ਅਤੇ ਭਾਈਚਾਰੇ ਅਗਲੇ ਕਦਮਾਂ ਦੇ ਵਿਕਲਪਾਂ ਦੇ ਸੰਬੰਧ ਵਿੱਚ ਸਾਡੇ ਸਟਾਫ਼ ਤੋਂ ਫੌਲੋ-ਅੱਪ ਪ੍ਰਾਪਤ ਕਰਨਾ ਚੁਣ ਸਕਦੇ ਹਨ। ਮੰਗ ਕੀਤੇ ਜਾਣ 'ਤੇ, CA vs. Hate ਕਨੂੰਨ ਲਾਗੂ ਕਰਨ ਵਾਲਿਆਂ ਨਾਲ ਸੰਪਰਕ ਕਰਨ ਬਾਰੇ ਅਤੇ ਇਨ੍ਹਾਂ ਮਾਮਲਿਆਂ ਵਿੱਚ ਅਪਰਾਧਿਕ ਜਾਂਚ ਨੂੰ ਅੱਗੇ ਵਧਾਉਣ ਦੇ ਸਧਾਰਨ ਤਰੀਕਿਆਂ ਬਾਰੇ ਵਾਧੂ ਜਾਣਕਾਰੀ ਪ੍ਰਦਾਨ ਕਰ ਸਕਦੀ ਹੈ। CA vs. Hate ਫ਼ੋਨ ਨੰਬਰ ਅਤੇ ਔਨਲਾਈਨ ਪੋਰਟਲ ਰਾਹੀਂ ਸਾਰੇ ਭਾਈਚਾਰਿਆਂ ਲਈ ਭਾਸ਼ਾ ਵਿੱਚ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ।
3. ਜੇਕਰ ਤੁਸੀਂ ਸਹਿਜ ਮਹਿਸੂਸ ਕਰਦੇ ਹੋ, ਤਾਂ ਤੁਸੀਂ ਆਪਣੇ ਸਥਾਨਕ ਪੁਲਿਸ ਵਿਭਾਗ ਨੂੰ ਕਿਸੇ ਵੀ ਹਿੰਸਾਤਮਕ ਧਮਕੀ ਜਾਂ ਕੰਮ ਬਾਰੇ ਰਿਪੋਰਟ ਕਰ ਸਕਦੇ ਹੋ। ਹਿੰਸਾ ਜਾਂ ਹਿੰਸਾ ਦੀ ਧਮਕੀ ਅਤੇ ਕਨੂੰਨ ਦੇ ਤਹਿਤ ਸੁਰੱਖਿਅਤ ਤੁਹਾਡੀ ਵਾਸਤਵਿਕ ਜਾਂ ਪਛਾਣੀ ਗਈ ਵਿਸ਼ੇਸ਼ਤਾ (ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ ਪਛਾਣ, ਲਿੰਗ, ਉਮਰ, ਵਿਕਲਾਂਗਤਾ, ਜਿਨਸੀ ਰੁਝਾਨ, ਧਰਮ ਆਦਿ) ਦੇ ਵਿਚਕਾਰ ਸੰਬੰਧ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰੋ। ਅਪਰਾਧਿਕ ਕਾਰਵਾਈ ਦੀ ਜਾਂਚ ਤੋਂ ਬਾਅਦ ਇੱਕ ਪ੍ਰੋਸੀਕਿਊਟਰ ਨਾਗਰਿਕ ਜਾਂ ਅਪਰਾਧਿਕ ਮਾਮਲਾ ਬਣਾ ਸਕਦਾ ਹੈ।
4. ਘਟਨਾ ਬਾਰੇ ਵੱਧ ਤੋਂ ਵੱਧ ਤੱਥ ਲਿਖਣ ਦੀ ਕੋਸ਼ਿਸ਼ ਕਰੋ, ਜਿਸ ਵਿੱਚ ਅਪਰਾਧੀ(ਆਂ) ਦੀ ਜਾਣਕਾਰੀ; ਸਹੀ ਸ਼ਬਦ ਜਾਂ ਸੰਕੇਤ ਜੋ ਵਰਤੇ ਗਏ ਸੀ (ਜੇਕਰ ਕੋਈ ਹਨ); ਸਾਰੇ ਸਬੂਤਾਂ ਨੂੰ ਇਕੱਤਰ ਕਰਕੇ ਸਹੇਜਣਾ (ਜਿਵੇਂ ਕਿ ਭਿੱਤੀਚਿੱਤਰ, ਆਂਡੇ ਦੇ ਛਿਲਕੇ, ਤੁਹਾਡੇ ਵਾਹਨ ਜਾਂ ਘਰ 'ਤੇ ਲਿਖੇ ਅੱਖਰ, ਨੇੜਲੇ ਕਾਰੋਬਾਰ ਜਾਂ ਘਰ ਤੋਂ ਵੀਡੀਓ ਫੁਟੇਜ); ਅਤੇ ਨਫ਼ਰਤ ਦਾ ਸ਼ਿਕਾਰ ਬਣਾਏ ਹੋਰ ਲੋਕਾਂ ਅਤੇ ਗਵਾਹਾਂ ਦੇ ਨਾਮ, ਪਤੇ, ਫ਼ੋਨ ਨੰਬਰ ਅਤੇ ਈਮੇਲ ਪ੍ਰਾਪਤ ਕਰਨਾ ਸ਼ਾਮਲ ਹੈ। ਤੁਸੀਂ ਹੋਰ ਲੋਕਾਂ ਨੂੰ ਘਟਨਾ ਤੋਂ ਬਾਅਦ ਦੀ ਜਾਣਕਾਰੀ ਇੱਕਤਰ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਕਹਿ ਸਕਦੇ ਹੋ।

# ਕੈਲੀਫੋਰਨੀਆ ਦਾ ਕਨੂੰਨ ਤੁਹਾਨੂੰ ਨਫ਼ਰਤ ਦੀ ਹਿੰਸਾ ਤੋਂ ਬਚਾਉਂਦਾ ਹੈ

## ਤੱਥ ਸ਼ੀਟ

Civil Rights Department
STATE OF CALIFORNIA

5. ਤੁਸੀਂ CRD ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ। CRD ਦਾਅਵਿਆਂ ਦੀ ਜਾਂਚ ਕਰੇਗਾ ਅਤੇ ਵਕਾਲਤ ਅਤੇ ਵਿਚੋਲਗੀ ਅਤੇ ਸਮਾਧਾਨਾਂ ਪ੍ਰਦਾਨ ਕਰੇਗਾ – ਅਤੇ ਕੁੱਝ ਮਾਮਲਿਆਂ ਵਿੱਚ ਤੁਹਾਡੇ ਬਿਨਾਂ ਕਿਸੇ ਖ਼ਰਚੇ ਦੇ ਅਦਾਲਤ ਵਿੱਚ ਸ਼ਿਕਾਇਤ 'ਤੇ ਮੁਕੱਦਮਾ ਚਲਾ ਸਕਦਾ ਹੈ। ਤੁਹਾਨੂੰ CRD ਨੂੰ ਦਾਅਵੇ ਬਾਰੇ ਦੱਸਣ ਲਈ ਵਕੀਲ ਦੀ ਲੋੜ ਨਹੀਂ ਪੈਂਦੀ, ਪਰ ਜੇਕਰ ਤੁਸੀਂ ਅਜਿਹਾ ਚਾਹੁੰਦੇ ਹੋ ਤਾਂ ਤੁਸੀਂ ਇੱਕ ਵਕੀਲ ਸ਼ਾਮਲ ਕਰ ਸਕਦੇ ਹੋ। ਹੋਰ ਸਰਕਾਰੀ ਏਜੰਸੀਆਂ ਵੀ ਸ਼ਿਕਾਇਤਾਂ ਸਵੀਕਾਰ ਕਰ ਸਕਦੀਆਂ ਹਨ।

6. ਤੁਸੀਂ ਵਕੀਲ ਨਾਲ ਗੱਲ ਕਰ ਸਕਦੇ ਹੋ ਅਤੇ ਰਾਲਫ਼ ਅਧਿਨਿਯਮ ਨੂੰ ਲਾਗੂ ਕਰਨ ਲਈ ਕੈਲੀਫੋਰਨੀਆ ਨਾਗਰਿਕ ਸੰਹਿਤਾ ਧਾਰਾ 52 ਦੇ ਤਹਿਤ ਨਿੱਜੀ ਮੁਕੱਦਮਾ ਦਾਇਰ ਕਰ ਸਕਦੇ ਹੋ। ਤੁਸੀਂ ਬੇਨ ਨਾਗਰਿਕ ਅਧਿਕਾਰ ਅਧਿਨਿਯਮ, ਕੈਲੀਫੋਰਨੀਆ ਨਾਗਰਿਕ ਸੰਹਿਤਾ ਧਾਰਾ 52.1 ਦੇ ਤਹਿਤ ਵੀ ਦਾਅਵਾ ਕਰ ਸਕਦੇ ਹੋ ਜੋ ਤੁਹਾਡੇ ਰਾਜ ਜਾਂ ਸੰਘੀ ਜਾਂ ਸੰਵਿਧਾਨਕ ਜਾਂ ਵਿਧਾਨਕ ਅਧਿਕਾਰਾਂ ਦੇ ਤਹਿਤ ਹਿੰਸਾ ਜਾਂ ਹਿੰਸਾ ਦੀ ਧਮਕੀ ਦੁਆਰਾ ਉਲੰਘਣਾ ਕਰਨ ਤੋਂ ਕਿਸੇ ਨੂੰ ਵੀ ਰੋਕਦਾ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦੀ ਬੇਨ ਅਧਿਨਿਯਮ ਦੇ ਤਹਿਤ ਉਲੰਘਣਾ ਕੀਤੀ ਗਈ ਹੈ, ਤਾਂ ਤੁਸੀਂ ਸਿਵਿਲ ਉਪਚਾਰ ਦੀ ਮੰਗ ਕਰ ਸਕਦੇ ਹੋ ਜਾਂ ਇੱਕ ਪਬਲਿਕ ਪ੍ਰੋਸੀਕਿਊਟਰ ਨਾਗਰਿਕ ਅਤੇ ਅਪਰਾਧਿਕ ਦੋਵੇਂ ਜੁਰਮਾਨੇ ਲਗਾ ਸਕਦਾ ਹੈ।

7. ਤੁਸੀਂ ਆਪਣੇ ਮੈਡੀਕਲ ਖ਼ਰਚਿਆਂ, ਆਮਦਨ ਦੇ ਨੁਕਸਾਨ ਅਤੇ ਹੋਰ ਨੁਕਸਾਨਾਂ ਦੀ ਭਰਪਾਈ ਸਮੇਤ ਆਪਣੇ ਨੁਕਸਾਨ ਦੇ ਹਰਜਾਨੇ ਪ੍ਰਾਪਤ ਕਰਨ ਲਈ California Victim Compensation Board (CalVCB) ਨੂੰ ਅਰਜ਼ੀ ਦੇ ਸਕਦੇ ਹੋ। ਤੁਸੀਂ ਆਪਣੇ ਜ਼ਿਲ੍ਹੇ ਦੇ ਵਕੀਲ ਦੇ ਦਫ਼ਤਰ ਦੇ ਵਿਕਟਿਮ ਵਿਟਨੈੱਸ ਅਸਿਸਟੈਂਸ ਸੈਂਟਰ ਵਿਖੇ CalVCB ਨੂੰ ਅਰਜ਼ੀ ਦੇਣ ਵਿੱਚ ਸਹਾਇਤਾ ਪ੍ਰਾਪਤ ਕਰ ਸਕਦੇ ਹੋ, ਜੋ ਸਿੱਧਾ CalVCB ਨਾਲ ਕੰਮ ਕਰਦਾ ਹੈ। ਆਪਣੇ ਨੇੜੇ ਵਿਕਟਿਮ ਵਿਟਨੈੱਸ ਅਸਿਸਟੈਂਸ ਸੈਂਟਰ ਖੋਜਣ ਲਈ, ਇਸ 'ਤੇ ਜਾਓ: www.victims.ca.gov/for-victims/get-help/

**ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਸੁਰੱਖਿਅਤ ਵਿਸ਼ੇਸ਼ਤਾ ਦੇ ਅਧਾਰ 'ਤੇ ਨਫ਼ਰਤ ਦੀ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ ਹੈ ਤਾਂ ਸ਼ਿਕਾਇਤ ਦਰਜ ਕਰਵਾਓ। ਸ਼ਿਕਾਇਤ ਆਮ ਤੌਰ 'ਤੇ ਨਫ਼ਰਤ ਦੇ ਗ਼ੈਰ-ਕਨੂੰਨੀ ਕੰਮਾਂ ਤੋਂ ਬਾਅਦ ਇੱਕ ਸਾਲ ਦੇ ਅੰਦਰ ਦਰਜ ਕਰਵਾਉਣੀ ਚਾਹੀਦੀ ਹੈ, ਪਰ ਘਟਨਾ ਦੇ ਸਮੇਂ ਵਿਅਕਤੀ ਦੇ ਅਣਜਾਣ ਹੋਣ 'ਤੇ ਦਰਜ ਕਰਾਉਣ ਦੀ ਸਮਾਂ-ਸੀਮਾ ਵਧਾਈ ਜਾ ਸਕਦੀ ਹੈ। ਜੇਕਰ ਤੁਹਾਡੇ ਦਰਜ ਕਰਾਉਣ ਦੀ ਸਮਾਂ-ਸੀਮਾ ਜਾਂ ਰਾਲਫ਼ ਅਧਿਨਿਯਮ ਸ਼ਿਕਾਇਤ ਦਰਜ ਕਰਾਉਣ ਬਾਰੇ ਕੋਈ ਹੋਰ ਸਵਾਲ ਹਨ ਤਾਂ ਕਿਰਪਾ ਕਰਕੇ CRD ਨੂੰ ਕਾਲ ਕਰੋ।**

ਜੇਕਰ ਤੁਸੀਂ ਵਿਕਲਾਂਗ ਹੋ ਜਿਸ ਲਈ ਤੁਹਾਨੂੰ ਮੁਨਾਸਿਬ ਸਹੂਲਤ ਦੀ ਲੋੜ ਹੈ, ਤਾਂ CRD ਫ਼ੋਨ ਰਾਹੀਂ ਤੁਹਾਡੀ ਸ਼ਿਕਾਇਤ ਲਿਖਣ, ਜਾਂ ਜਿਹੜੇ ਵਿਅਕਤੀ ਬਹਿਰੇ ਜਾਂ ਸੁਣਨ ਵਿੱਚ ਅਸਮਰੱਥ ਹਨ ਜਾਂ ਬੋਲਣ ਵਿੱਚ ਦਿੱਕਤ ਹੈ, ਤਾਂ California Relay Service (711) ਰਾਹੀਂ ਸਹਾਇਤਾ ਕਰ ਸਕਦਾ ਹੈ, ਜਾਂ ਤੁਸੀਂ ਸਾਨੂੰ ਹੇਠਾਂ ਸੰਪਰਕ ਕਰ ਸਕਦੇ ਹੋ।

## ਸ਼ਿਕਾਇਤ ਦਰਜ਼ ਕਰਨ ਲਈ

**ਨਾਗਰਿਕ ਅਧਿਕਾਰ ਵਿਭਾਗ**
calcivilrights.ca.gov/complaintprocess
ਟੋਲ ਫ੍ਰੀ: 800.884.1684
TTY: 800.700.2320

*ਇਸ ਮਾਰਗਦਰਸ਼ਨ ਦੇ ਕਿਸੇ ਹੋਰ ਅਨੁਵਾਦ ਲਈ, ਇਸ 'ਤੇ ਜਾਓ*
www.calcivilrights.ca.gov/posters/HateViolence